# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ

ਹੁਕਮ ਨੰ : 10/153-06 ਅ-3(2) ਕੋ:ਸੈ:2
ਮਿਤੀ : 10-04-15

ਸ਼੍ਰੀਮਤੀ ਕੰਵਲਜੀਤ ਕੌਰ, ਪੰਜਾਬੀ ਮਿਸਟ੍ਰੈਸ, ਸ.ਸ.ਸ.ਸ ਦਕੋਹਾ, ਜ਼ਿਲ੍ਹਾ ਗੁਰਦਾਸਪੁਰ ਨੂੰ ਮਿਤੀ 21-09-2003 ਤੋਂ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰ-ਹਾਜ਼ਰ ਰਹਿਣ ਕਾਰਨ, ਇਸ ਦਫਤਰ ਦੇ ਹੁਕਮ ਨੰ: 10/153-2006 ਅ-3(2) ਮਿਤੀ 28-09-2006 ਰਾਹੀਂ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਕਰਮਚਾਰਨ ਵਲੋਂ ਦੋਸ਼ ਸੂਚੀ ਦਾ ਉੱਤਰ ਨਹੀਂ ਦਿੱਤਾ ਗਿਆ। ਇਸ ਦਫਤਰ ਦੇ ਹੁਕਮ ਨੰ:10/153-06 ਅ-3 (2) ਮਿਤੀ 21-12-12 ਰਾਹੀਂ ਕਰਮਚਾਰਨ ਦੀ ਪ੍ਰਤੀ ਬੇਨਤੀ ਤੇ ਸਰਕਾਰ ਦੀਆਂ ਹਦਾਇਤਾਂ ਮਿਤੀ 22-04-92 ਤਹਿਤ ਸ.ਸ.ਸ.ਸ, ਵੇਰਕਾ (ਲ) , ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪੰਜਾਬੀ ਮਿਸਟ੍ਰੈਸ ਦੀ ਖਾਲੀ ਅਸਾਮੀ ਵਿਰੁੱਧ ਇਸ ਸ਼ਰਤ ਤੇ ਹਾਜ਼ਰ ਕਰਵਾਇਆ ਗਿਆ ਕਿ ਉਸਦੇ ਵਿਰੁੱਧ ਚੱਲ ਰਹੀ ਅਨੁਸ਼ਾਸਨੀ ਕਾਰਵਾਈ ਤੇ ਕੋਈ ਅਸਰ ਨਹੀਂ ਪਵੇਗਾ। ਕਰਮਚਾਰਨ ਇਸ ਸਟੇਸ਼ਨ ਤੇ ਮਿਤੀ 18-02-13 ਨੂੰ ਹਾਜ਼ਰ ਹੋ ਗਈ।

ਸ਼੍ਰੀਮਤੀ ਕੰਵਲਜੀਤ ਕੌਰ, ਪੰਜਾਬੀ ਮਿਸਟ੍ਰੈਸ ਹੁਣ ਮਿਤੀ 16-03-13 ਤੋਂ ਮੁੜ ਗੈਰ-ਹਾਜ਼ਰ ਹੈ। ਤੱਥਾਂ ਦੀ ਸਚਾਈ ਨੂੰ ਜਾਨਣ ਲਈ ਸ਼੍ਰੀ ਅਮਰਦੀਪ ਸਿੰਘ , ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ), ਗੁਰਦਾਸਪੁਰ ਨੂੰ ਪੜਤਾਲੀਆ ਅਫਸਰ ਅਤੇ ਦਫਤਰ ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ), ਗੁਰਦਾਸਪੁਰ ਦੇ ਡੀਲਿੰਗ ਸਹਾਇਕ ਨੂੰ ਪੇਸ਼ੀ ਅਫਸਰ ਨਿਯੁੱਕਤ ਕੀਤਾ ਜਾਂਦਾ ਹੈ।

ਪੜਤਾਲੀਆ ਅਫਸਰ 30 ਦਿਨਾਂ ਦੇ ਅੰਦਰ-ਅੰਦਰ ਪੜਤਾਲ ਮੁਕੰਮਲ ਕਰਕੇ ਰਿਪੋਰਟ ਦੂਹਰੀ ਪੜਤ ਵਿਚ ਸਮੇਤ ਸਪੋਰਟਿੰਗ ਡਾਕੂਮੈਂਟਸ ਇਸ ਦਫਤਰ ਨੂੰ ਸੌਂਪਣਗੇ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ।

ਪਿੱਠ ਅੰਕਣ ਨੰ: ਉਕਤ 8396-97 ਮਿਤੀ :- 24/04/2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ/ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ:

1. ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ), ਗੁਰਦਾਸਪੁਰ ਨੂੰ ਦੋਸ਼ ਸੂਚੀ ਦੀ ਫੋਟੋਕਾਪੀ ਭੇਜਕੇ ਲਿਖਿਆ ਜਾਂਦਾ ਹੈ ਕਿ ਪੜਤਾਲ ਰਿਪੋਰਟ 30 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜੀ ਜਾਵੇ।
2. ਡੀਲਿੰਗ ਸਹਾਇਕ, ਦਫਤਰ ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ), ਗੁਰਦਾਸਪੁਰ।

ਸੁਪਰਡੰਟ ਕੋਆਰਡੀਨੇਸ਼ਨ ਸੈਲ